# ਪਿਆਰੇ ਵਿਦਿਆਰਥੀਓ!!



7ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2023-24) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

## 7ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

| ਮਹੀਨਾ | ਪਾਠ ਅਤੇ ਉਸਦਾ ਨਾਂ | ਵਿਡੀਓ ਲੈਕਚਰ ਦਾ ਲਿੰਕ |
|---|---|---|
| ਅਪ੍ਰੈਲ | ਪਾਠ-1 ਟਾਈਪਿੰਗ ਟਿਊਟਰ | https://youtu.be/GUFCpc_x-DA |
| ਮਈ | ਪਾਠ-2 ਵਿੰਡੋਜ਼ ਐਕਸਪਲੋਰਰ | https://youtu.be/0E3I0GFbMJs |
| ਜੁਲਾਈ | ਪਾਠ-3 ਮਾਈਕਰੋਸਾਫਟ ਵਰਡ (ਭਾਗ-1) | Under Preparation |
| ਅਗਸਤ | ਪਾਠ-4 ਮਾਈਕਰੋਸਾਫਟ ਵਰਡ (ਭਾਗ-2) | https://youtu.be/vvQwkvhAXPI |
| ਅਕਤੂਬਰ | ਪਾਠ-5 ਮਾਈਕਰੋਸਾਫਟ ਵਰਡ (ਭਾਗ-3) | https://youtu.be/OWBofDDSpH0 |
| ਨਵੰਬਰ | ਪਾਠ-6 ਮਾਈਕਰੋਸਾਫਟ ਵਰਡ (ਭਾਗ-4) | https://youtu.be/1s5-qjor608 |
| ਦਸੰਬਰ | ਪਾਠ-7 ਮਲਟੀਮੀਡੀਆ ਨਾਲ ਜਾਣ ਪਛਾਣ | Under Preparation |
| ਜਨਵਰੀ | ਪਾਠ-8 ਸਟੋਰੇਜ਼ ਡਿਵਾਇਸਿਜ਼ | https://youtu.be/HcGdrY9BQiE |

**ਪ੍ਰੈਕਟੀਕਲ ਨਾਲ ਸੰਬੰਧਤ ਵਿਡੀਓ ਲੈਕਚਰਜ਼:**

| | |
|---|---|
| ਵਿੰਡੋਜ਼ ਐਕਸਪਲੋਰਰ | https://youtu.be/XgaC4GRhOgs |

**PLEASE DO NOT FORGET TO LIKE, SHARE AND SUBSCRIBE OUR YOUTUBE CHANNEL**

YouTube **http://youtube.com/c/computersciencepunjab**

ਤਿਆਰ ਕਰਤਾ:
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਉਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

**http://cspunjab.nirmancampus.co.in/study.php**

## ਪਾਠ-8
## ਸਟੋਰੇਜ਼ ਡਿਵਾਇਸਿਜ਼

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

**1. ਪ੍ਰਾਈਮਰੀ ਮੈਮਰੀ ਨੂੰ _______ ਵੀ ਕਿਹਾ ਜਾਂਦਾ ਹੈ?**

ੳ. ਇੰਟਰਨਲ ਮੈਮਰੀ ਅ. ਐਕਸਟਰਨਲ ਮੈਮਰੀ ੲ. ਫਿਜ਼ਿਕਲ ਮੈਮਰੀ ਸ. ਐਗਜ਼ੁਲਰੀ ਮੈਮਰੀ

**2. _______ ਮੈਮਰੀ ਰੀਡ ਓਨਲੀ ਮੈਮਰੀ ਨਹੀਂ ਹੁੰਦੀ।**

ੳ. ROM ਅ. PROM ੲ. EPROM ਸ. RAM

**3. ___________ ਇਕ ਪੋਰਟੇਬਲ ਸਟੋਰੇਜ਼ ਡਿਵਾਈਸ ਨਹੀਂ ਹੈ।**

ੳ. ਐਕਸਟਰਨਲ ਹਾਰਡ ਡੀਸਕ ਅ. ਪੈਨ ਡਰਾਈਵ ੲ. ਹਾਰਡ ਡੀਸਕ ਡਰਾਈਵ ਸ. ਮੈਮਰੀ ਕਾਰਡ

**4. ਮੈਮਰੀ ਦੇ ਛੋਟੇ_ਛੋਟੇ ਭਾਗਾਂ ਨੂੰ _________ ਕਿਹਾ ਜਾਂਦਾ ਹੈ।**

ੳ. ਸੈਲ ਅ. ਏਰੀਆ ੲ. ਇੰਟਰਸੈਕਸ਼ਨ ਸ. ਕੋਈ ਨਹੀਂ

**5. USB ਦਾ ਮਤਲਬ ____________ ਹੈ।**

ੳ. ਯੂਨੀਫਾਰਮ ਸਰਵਿਸ ਬੁੱਕ ਅ. ਯੂਨੀਵਰਸਲ ਸੀਰੀਅਲ ਬੱਸ
ੲ. ਯੂਨੀਵਰਸਲ ਸਟ੍ਰੇਟ ਬਸ ਸ. ਯੂਨੀਫਾਰਮ ਸੀਰੀਅਲ ਬਸ

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1 ਫਲੌਪੀ ਡਿਸਕ ਦੀ ਸਟੋਰੇਜ਼ ਸਮਰੱਥਾ __________ ਹੁੰਦੀ ਹੈ।
2. ਕੰਪੈਕਟ ਡਿਸਕ (CD) ਦੀ ਸਟੋਰੇਜ਼ ਸਮਰੱਥਾ ______________ ਹੁੰਦੀ ਹੈ।
3. ਹਾਰਡ ਡਿਸਕ ਦੀ ਸਟੋਰੇਜ਼ ਸਮਰੱਥਾ ਮਾਪਣ ਲਈ ਆਮ ਤੌਰ ਤੇ __________ ਮੈਮਰੀ ਇਕਾਈ ਵਰਤੀ ਜਾਂਦੀ ਹੈ।
4. ROM ਦਾ ਪੂਰਾ ਨਾਂ ____________ ਹੈ।
5. ਪੈੱਨ ਡਰਾਇਵ ਨੂੰ ਕੰਪਿਊਟਰ ਸਿਸਟਮ ਦੇ _________ ਪੋਰਟ ਨਾਲ ਅਟੈਚ ਕੀਤਾ ਜਾਂਦਾ ਹੈ?


**ਉੱਤਰ:** 1. 1.44 MB 2. 700 MB 3. ਗੀਗਾਬਾਈਟ (GB) 4. ਰੀਡ ਓਨਲੀ ਮੈਮਰੀ 5.USB

**ਪ੍ਰਸ਼ਨ:3 ਛੋਟੇ ਉੱਤਰਾਂ ਵਾਲੇ ਪ੍ਰਸ਼ਨ।**

**ਪ੍ਰ:1 ਮੈਮਰੀ ਕੀ ਹੈ? ਮੈਮਰੀ ਦੀਆਂ ਦੋ ਮੁੱਖ ਸ਼੍ਰੇਣੀਆਂ ਦੇ ਨਾਂ ਲਿਖੋ।**

ੳ: ਕੋਈ ਵੀ ਮਾਧਿਅਮ ਜਿਸ ਵਿਚ ਡਾਟਾ ਸਟੋਰ ਕਰਕੇ ਰੱਖਣ ਦੀ ਸਮਰੱਥਾ ਹੋਵੇ, ਨੂੰ ਮੈਮਰੀ ਕਿਹਾ ਜਾਂਦਾ ਹੈ। ਮੈਮਰੀ ਬਹੁਤ ਸਾਰੇ ਛੋਟੇ - ਛੋਟੇ ਹਿੱਸਿਆਂ ਵਿਚ ਵੰਡੀ ਹੁੰਦੀ ਹੈ, ਜਿਨ੍ਹਾਂ ਨੂੰ ਸੈਲ ਕਿਹਾ ਜਾਂਦਾ ਹੈ। ਮੈਮਰੀ ਦੀ ਵਰਤੋਂ ਡਾਟਾ ਅਤੇ ਹਦਾਇਤਾਂ ਨੂੰ ਸਟੋਰ ਕਰਨ ਲਈ ਕੀਤੀ ਜਾਂਦੀ ਹੈ। ਮੈਮਰੀ ਦੀਆਂ ਦੋ ਮੁੱਖ ਸ਼੍ਰੇਣੀਆਂ ਇਹ ਹੁੰਦੀਆਂ ਹਨ:

1. ਪ੍ਰਾਈਮਰੀ ਮੈਮਰੀ
2. ਸੈਕੰਡਰੀ ਮੈਮਰੀ




**ਪ੍ਰ:2 ਕੋਈ ਚਾਰ ਸੈਕੰਡਰੀ ਮੈਮਰੀਜ਼ ਦੇ ਨਾਂ ਲਿਖੋ।**

ੳ: ਸੈਕੰਡਰੀ ਮੈਮਰੀਜ਼ ਦੇ ਨਾਂ ਹੇਠ ਲਿਖੇ ਹਨ:

1. ਹਾਰਡ ਡਿਸਕ
2. ਐਕਸਟਰਨਲ ਹਾਰਡ ਡਿਸਕ
3. ਫਲਾਪੀ ਡਿਸਕ
4. ਮੈਗਨੇਟਿਕ ਟੇਪ
5. ਕੰਪੈਕਟ ਡਿਸਕ (CD)
6. ਡਿਜ਼ੀਟਲ ਵਿਡੀਓ ਡਿਸਕ (DVD)
7. ਪੈੱਨ ਡਰਾਈਵ
8. ਮੈਮਰੀ ਕਾਰਡ




**ਪ੍ਰ:3 ਮੈਮਰੀ ਕਾਰਡ ਕੀ ਹੁੰਦਾ ਹੈ?**

ੳ: ਮੈਮਰੀ ਕਾਰਡ ਪੋਰਟੇਬਲ ਸੈਕੰਡਰੀ ਮੈਮਰੀ ਹੈ। ਇਸਨੂੰ ਫਲੈਸ਼ ਮੈਮਰੀ ਕਾਰਡ ਵੀ ਕਿਹਾ ਜਾਂਦਾ ਹੈ। ਇਹ ਕਾਰਡ ਆਮ ਤੌਰ ਤੇ ਮੋਬਾਈਲਾਂ, ਡਿਜ਼ੀਟਲ ਕੈਮਰਿਆਂ, MP3 ਪਲੇਅਰਾਂ ਆਦਿ ਵਿਚ ਵਰਤੇ ਜਾਂਦੇ ਹਨ। ਮੈਮਰੀ ਕਾਰਡਾਂ ਵਿਚ ਆਮ ਤੌਰ ਤੇ ਤਸਵੀਰਾਂ, ਫ਼ਿਲਮਾਂ, ਗਾਣੇ ਅਤੇ ਹੋਰ ਡਾਟਾ ਸਟੋਰ ਕੀਤਾ ਜਾਂਦਾ ਹੈ।

ਮੈਮਰੀ ਕਾਰਡ


**ਪ੍ਰ:4 ਪੈਨ ਡਰਾਇਵ ਉਪਰ ਨੋਟ ਲਿਖੋ**

ਉ: ਪੈੱਨ ਡਰਾਈਵ ਪੋਰਟੇਬਲ ਸੈਕੰਡਰੀ ਮੈਮਰੀ ਹੈ। ਇਹ USB ਅਧਾਰਿਤ ਮੈਮਰੀ-ਡਿਵਾਈਸ ਹੁੰਦਾ ਹੈ। ਇਸ ਦੀ ਵਰਤੋਂ ਡਾਟਾ ਨੂੰ ਇਕ ਕੰਪਿਊਟਰ ਤੋਂ ਦੂਸਰੇ ਕੰਪਿਊਟਰ ਤੇ ਟਰਾਂਸਫਰ ਕਰਨ ਲਈ ਕੀਤੀ ਜਾਂਦੀ ਹੈ। ਇਸ ਦਾ ਆਕਾਰ ਬਹੁਤ ਛੋਟਾ ਹੁੰਦਾ ਹੈ ਅਤੇ ਰਫਤਾਰ ਤੇਜ਼ ਹੁੰਦੀ ਹੈ। ਇਹਨਾਂ ਦੀ ਸਟੋਰੇਜ਼ ਸਮਰੱਥਾ ਵੀ ਵੱਧ ਹੁੰਦੀ ਹੈ।




## ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਪ੍ਰਾਇਮਰੀ ਮੈਮਰੀ ਉਪਰ ਨੋਟ ਲਿਖੋ।**

ਉ: ਪ੍ਰਾਇਮਰੀ ਮੈਮਰੀ ਨੂੰ ਮੇਨ ਮੈਮਰੀ ਜਾਂ ਅੰਦਰੂਨੀ ਮੈਮਰੀ ਵੀ ਕਿਹਾ ਜਾਂਦਾ ਹੈ। CPU ਦੀ ਇਸ ਮੈਮਰੀ ਤੱਕ ਸਿੱਧੀ ਪਹੁੰਚ ਹੁੰਦੀ ਹੈ। ਇਸ ਮੈਮਰੀ ਨੂੰ ਬਨਾਉਣ ਲਈ ਮਾਇਕਰੋ-ਕੰਡਕਟਰ ਵਰਤੇ ਜਾਂਦੇ ਹਨ ਜੋ ਕਿ ਬਹੁਤ ਤੇਜ਼ ਅਤੇ ਵਿਸ਼ੇਸ਼ ਕਿਸਮ ਦੇ ਇਲੈਕਟ੍ਰੋਨਿੱਕ ਸਰਕਟ ਹੁੰਦੇ ਹਨ। ਇਹਨਾਂ ਮੈਮਰੀਜ਼ ਨੂੰ ਸੈਮੀਕੰਡਕਟਰ ਮੈਮਰੀਜ਼ ਵੀ ਕਿਹਾ ਜਾਂਦਾ ਹੈ। ਇਹਨਾਂ ਮੈਮਰੀਜ਼ ਦੀ ਸਟੋਰੇਜ ਸਮਰੱਥਾ ਘੱਟ ਹੁੰਦੀ ਹੈ। ਪ੍ਰਾਈਮਰੀ ਮੈਮਰੀ ਦੋ ਕਿਸਮਾਂ ਦੀ ਹੁੰਦੀ ਹੈ:

1. **ਰੈਮ (RAM):** ਰੈਮ ਦਾ ਪੂਰਾ ਨਾਂ ਰੈਂਡਮ ਐਕਸੈਸ ਮੈਮਰੀ ਹੈ। ਇਹ ਮੈਮਰੀ ਸਿਰਫ ਉਹਨਾਂ ਡਾਟਾ ਅਤੇ ਹਦਾਇਤਾਂ ਨੂੰ ਸਟੋਰ ਕਰਦੀ ਹੈ ਜਿਨ੍ਹਾਂ ਉਪਰ ਕੰਪਿਊਟਰ ਕੰਮ ਕਰ ਰਿਹਾ ਹੁੰਦਾ ਹੈ।
2. **ਰੋਮ (ROM):** ਰੋਮ ਦਾ ਪੂਰਾ ਨਾਂ ਰੀਡ ਓਨਲੀ ਮੈਮਰੀ ਹੈ। ਇਸ ਮੈਮਰੀ ਵਿਚ ਕੰਪਿਊਟਰ ਨੂੰ ਸਟਾਰਟ ਕਰਨ ਵਾਲੀਆਂ ਹਦਾਇਤਾਂ ਨੂੰ ਸਟੋਰ ਕੀਤਾ ਜਾਂਦਾ ਹੈ।




**ਪ੍ਰ:2 HDD ਕੀ ਹੁੰਦੀ ਹੈ? ਵਰਨਣ ਕਰੋ।**

ਉ: HDD ਦਾ ਪੂਰਾ ਨਾਂ ਹਾਰਡ ਡਿਸਕ ਡਰਾਈਵ ਹੈ। ਇਹ ਆਮ ਵਰਤੀ ਜਾਣ ਵਾਲੀ ਸੈਕੰਡਰੀ ਮੈਮਰੀ ਹੈ। ਇਸ ਮੈਮਰੀ ਵਿਚ ਸਟੋਰ ਡਾਟਾ ਕੰਪਿਊਟਰ ਬੰਦ ਹੋਣ ਤੋਂ ਬਾਅਦ ਵੀ ਸਟੋਰ ਰਹਿੰਦਾ ਹੈ। ਇਸਦੀ ਰਫਤਾਰ ਪ੍ਰਾਈਮਰੀ ਮੈਮਰੀ ਨਾਲੋਂ ਘੱਟ ਹੁੰਦੀ ਹੈ। ਹਾਰਡ ਡਿਸਕ ਵਿਚ ਇੱਕ ਜਾਂ ਇੱਕ ਤੋਂ ਵੱਧ ਧਾਤੂ ਦੀਆਂ ਪਲੇਟਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਲੈਟਰ ਕਿਹਾ ਜਾਂਦਾ ਹੈ। ਇਹਨਾਂ ਪਲੇਟਾਂ ਉਪਰ ਡਾਟਾ ਸਟੋਰ ਕਰਨ ਲਈ ਮੈਟਲ-ਆਕਸਾਈਡ ਦੀ ਪਰਤ ਚੜ੍ਹੀ ਹੁੰਦੀ ਹੈ। ਇਹ ਪਲੇਟਾਂ 5400 ਤੋਂ 7200 RPM (ਰੋਟੇਸ਼ਨ ਪਰ ਮਿੰਟ) ਦੀ ਰਫਤਾਰ ਨਾਲ ਘੁੰਮਦੀਆਂ ਹਨ। ਹਾਰਡ-ਡਿਸਕ ਵਿਚ ਡਾਟਾ ਨੂੰ ਸਟੋਰ ਕਰਨ ਦੀ ਸਮੱਰਥਾ ਕਾਫੀ ਜਿਆਦਾ ਹੁੰਦੀ ਹੈ। ਹਾਰਡ ਡਿਸਕ ਦੀ ਸਟੋਰੇਜ਼ ਸਮਰੱਥਾ ਆਮ ਤੋਰ ਤੇ ਗੀਗਾਬਾਈਟ (GB) ਵਿਚ ਮਾਪੀ ਜਾਂਦੀ ਹੈ।



**ਪ੍ਰ:3 ਸੈਕੰਡਰੀ ਮੈਮਰੀ ਕੀ ਹੁੰਦੀ ਹੈ? ਕਿਸੇ ਇਕ ਸੈਕੰਡਰੀ ਮੈਮਰੀ ਡਿਵਾਈਸ ਦਾ ਵਰਨਣ ਕਰੋ।**


ਉ: ਸੈਕੰਡਰੀ ਮੈਮਰੀ ਨੂੰ ਐਕਸਟਰਨਲ ਮੈਮਰੀ, ਫਿਜਿਕਲ ਮੈਮਰੀ ਜਾਂ ਐਗਜ਼ੁਲਰੀ ਮੈਮਰੀ ਵੀ ਕਿਹਾ ਜਾਂਦਾ ਹੈ। ਇਸ ਮੈਮਰੀ ਵਿਚ ਸਟੋਰ ਡਾਟਾ ਕੰਪਿਊਟਰ ਬੰਦ ਹੋਣ ਤੋਂ ਬਾਅਦ ਵੀ ਸਟੋਰ ਰਹਿੰਦਾ ਹੈ। ਹਾਰਡ ਡਿਸਕ ਡਰਾਈਵ, ਆਪਟਿਕਲ ਸਟੋਰੇਜ ਡਿਸਕ, ਫਲਾਪੀ ਡਿਸਕ ਆਦਿ ਸੈਕੰਡਰੀ ਮੈਮਰੀ ਡਿਵਾਈਸਾਂ ਦੀਆਂ ਉਦਾਹਰਣਾਂ ਹਨ।

**ਹਾਰਡ-ਡਿਸਕ ਡਰਾਈਵ (HDD):** ਹਾਰਡ ਡਿਸਕ ਵਿਚ ਇੱਕ ਜਾਂ ਇੱਕ ਤੋਂ ਵੱਧ ਧਾਤੂ ਦੀਆਂ ਪਲੇਟਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਲੈਟਰ ਕਿਹਾ ਜਾਂਦਾ ਹੈ। ਇਹਨਾਂ ਪਲੇਟਾਂ ਉਪਰ ਡਾਟਾ ਸਟੋਰ ਕਰਨ ਲਈ ਮੈਟਲ-ਆਕਸਾਈਡ ਦੀ ਪਰਤ ਚੜ੍ਹੀ ਹੁੰਦੀ ਹੈ। ਇਹ ਪਲੇਟਾਂ 5400 ਤੋਂ 7200 RPM (ਰੋਟੇਸ਼ਨ ਪਰ ਮਿੰਟ) ਦੀ ਰਫਤਾਰ ਨਾਲ ਘੁੰਮਦੀਆਂ ਹਨ। ਹਾਰਡ-ਡਿਸਕ ਵਿਚ ਡਾਟਾ ਨੂੰ ਸਟੋਰ ਕਰਨ ਦੀ ਸਮੱਰਥਾ ਕਾਫੀ ਜਿਆਦਾ ਹੁੰਦੀ ਹੈ। ਹਾਰਡ ਡਿਸਕ ਦੀ ਸਟੋਰੇਜ਼ ਸਮਰੱਥਾ ਆਮ ਤੋਰ ਤੇ ਗੀਗਾਬਾਈਟ (GB) ਵਿਚ ਮਾਪੀ ਜਾਂਦੀ ਹੈ।

**ਪ੍ਰ:4 CD/DVD ਵਰਤਦੇ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿਓ।**

ਉ: CD/DVD ਵਰਤਦੇ ਸਮੇਂ ਹੇਠ ਲਿਖੀਆਂ ਸਾਵਧਾਨੀਆਂ ਵਰਤਨੀਆਂ ਚਾਹੀਦੀਆਂ ਹਨ:

1. CD/DVD ਨੂੰ ਕਵਰ ਵਿਚ ਸਾਂਭ ਕੇ ਰੱਖਣਾ ਚਾਹੀਦਾ ਹੈ।
2. CD/DVD ਦੇ ਚਮਕੀਲੇ ਪਾਸੇ ਨੂੰ ਛੂਹਣਾ ਨਹੀਂ ਚਾਹੀਦਾ।
3. CD/DVD ਦੇ ਚਮਕੀਲੇ ਪਾਸੇ ਪੈੱਨ ਜਾਂ ਪੈਨਸਲ ਨਾਲ ਨਹੀਂ ਲਿਖਣਾ ਚਾਹੀਂਦਾ।
4. CD/DVD ਨੂੰ ਮੋੜਨਾ ਨਹੀਂ ਚਾਹੀਂਦਾ।
5. CD/DVD ਨੂੰ ਸਾਫ ਕਰਨ ਲਈ ਨਰਮ ਕਪੜੇ ਦਾ ਇਸਤੇਮਾਲ ਕਰਨਾ ਚਾਹੀਂਦਾ ਹੈ।




**ਪ੍ਰ:5 ਐਕਸਟਰਨਲ ਹਾਰਡ ਡਿਸਕ ਡਰਾਈਵ ਕੀ ਹੈ? ਇਸਦੇ ਲਾਭ ਲਿਖੋ।**

ਉ: ਐਕਸਟਰਨਲ ਹਾਰਡ ਡਿਸਕ ਸੈਕੰਡਰੀ ਮੈਮਰੀ ਹੁੰਦੀ ਹੈ। ਇਹ ਪੋਰਟੇਬਲ ਕਿਸਮ ਦੀ ਸੈਕੰਡਰੀ ਮੈਮਰੀ ਹੁੰਦੀ ਹੈ, ਜਿਸਨੂੰ ਆਸਾਨੀ ਨਾਲ ਇਕ ਥਾਂ ਤੋਂ ਦੂਜੀ ਥਾਂ ਲਿਜਾਇਆ ਜਾ ਸਕਦਾ ਹੈ। ਇਹ USB ਆਧਾਰਿਤ ਮੈਮਰੀ ਡਿਵਾਈਸ ਹੈ। ਇਸ ਦੀ ਸਟੋਰੇਜ਼ ਸਮਰੱਥਾ ਬਹੁਤ ਜਿਆਦਾ ਹੁੰਦੀ ਹੈ। ਇਸ ਦੀ ਵਰਤੋਂ ਆਮ ਤੌਰ ਤੇ ਡਾਟਾ ਦਾ ਬੈਕਅੱਪ ਲੈਣ ਲਈ ਕੀਤੀ ਜਾਂਦੀ ਹੈ। ਡਾਟਾ ਦਾ ਬੈਕਅੱਪ ਲੈਣ ਤੋਂ ਬਾਅਦ ਇਸਨੂੰ ਕੰਪਿਊਟਰ ਤੋਂ ਹਟਾ ਕੇ ਕਿਸੇ ਸੁਰੱਖਿਤ ਜਗ੍ਹਾ ਤੇ ਰੱਖਿਆ ਜਾ ਸਕਦਾ ਹੈ।





(Please Visit http://cspunjab.nirmancampus.co.in for more computer science contents)